# ਸਰਕਾਰੀ ਮੈਡੀਕਲ ਕਾਲਜ ਪਟਿਆਲਾ

ਨੰ:1(4022)ਈ1/2025/ 20617 **ਦਫਤਰੀ ਹੁਕਮ** ਮਿਤੀ- 29/5/25

ਇਸ ਸੰਸਥਾ ਵਿਖੇ ਸਟੇਟ ਕੋਟਾ ਅਤੇ ਆਲ ਇੰਡੀਆ ਕੋਟਾ ਅਧੀਨ 3 ਸਾਲਾ ਪੀ.ਜੀ ਕੋਰਸ ਕਰ ਰਹੇ ਪੀ.ਜੀ ਵਿਦਿਆਰਥੀ ਜੋਕਿ ਨਵੰਬਰ-ਦਸੰਬਰ/2024 ਦੀਆਂ ਪ੍ਰੀਖਿਆਵਾਂ ਵਿਚ ਅਪੀਅਰ ਹੋਏ ਸਨ ਨੂੰ ਉਹਨਾਂ ਵੱਲੋਂ ਆਪਣਾ ਪੀ.ਜੀ ਕੋਰਸ ਸ਼ੁਰੂ ਕਰਨ ਸਮੇ ਭਰੇ ਗਏ ਸ਼ਿਓਰਟੀ ਬਾਂਡ ਅਤੇ ਪੰਜਾਬ ਸਰਕਾਰ, ਮੈਡੀਕਲ ਸਿਖਿਆ ਤੇ ਖੋਜ ਵਿਭਾਗ (ਸਿਹਤ-3 ਸ਼ਾਖਾ) ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਰਾਹੀਂ ਜਾਰੀ ਹਦਾਇਤਾਂ ਦੇ ਸਨਮੁੱਖ ਨਿਮਨ ਲਿਖਤ ਡਾਕਟਰ ਜਿਹਨਾਂ ਵੱਲੋਂ ਆਪਣੀ ਸਪੈਸ਼ਲਟੀ ਵਿਚ ਪੀ.ਜੀ ਕੋਰਸ ਪਾਸ ਕਰ ਲਿਆ ਗਿਆ ਹੈ ਨੂੰ ਉਹਨਾਂ ਦੇ ਪੀ.ਜੀ ਕੋਰਸ ਦੀ ਸਪੈਸ਼ਲਟੀ ਵਿਚ ਉਨ੍ਹਾਂ ਵੱਲੋ ਪੀ.ਜੀ ਕੋਰਸ ਸ਼ੁਰੂ ਕਰਨ ਸਮੇਂ ਭਰੇ ਗਏ ਸ਼ਿਓਰਟੀ ਬਾਂਡ ਅਨੁਸਾਰ 01/02 ਸਾਲ ਲਈ ਕੈਟਾਗਰੀ-6 ਅਧੀਨ ਸੀਨੀਅਰ ਰੈਜੀਡੈਂਸੀ ਕਰਨ ਲਈ ਨਿਮਨ ਲਿਖਤ ਸ਼ਰਤਾਂ ਤੇ ਨਿਯੁਕਤ ਕੀਤਾ ਜਾਂਦਾ ਹੈ। ਨਿਮਨ ਲਿਖਤ ਪੀ.ਜੀ ਵਿਦਿਆਰਥੀ ਇਹ ਹੁਕਮ ਜਾਰੀ ਤੇ 15 ਦਿਨਾਂ ਦੇ ਅੰਦਰ ਅੰਦਰ ਆਪਣੀ ਹਾਜਰੀ ਇਸ ਦਫਤਰ ਵਿਖੇ ਪੇਸ਼ ਕਰਨਗੇ। ਸਬੰਧਤ ਪੀ.ਜੀ ਵਿਦਿਆਰਥੀਆਂ ਵੱਲੋਂ ਨਿਸ਼ਚਿਤ ਮਿਤੀ ਤੱਕ ਆਪਣੀ ਹਾਜਰੀ ਰਿਪੋਰਟ ਪੇਸ਼ ਨਾ ਕੀਤੇ ਜਾਣ ਤੇ ਦਫਤਰ ਵੱਲੋਂ ਬਾਂਡ ਮਨੀ ਰਿਕਵਰੀ ਕਰਨ ਸਬੰਧੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ।

(1) ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਸੀਨੀਅਰ ਰੈਜੀਡੈਂਟ ਡਾਕਟਰਾਂ ਦੀ ਚੋਣ ਦੇ ਹੁਕਮ ਇਸ ਸੰਸਥਾ ਦੀ ਵੈਬ ਸਾਈਟ (www.gmcpatiala.edu.in) ਤੇ Upload ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਸੰਸਥਾ ਦੇ ਦਫਤਰ ਵਿਖੇ ਹਾਜਰੀ ਰਿਪੋਰਟ ਪੇਸ਼ ਕਰਨਗੇ ਅਤੇ ਜੁਆਇਨਿੰਗ ਸਮਾਂ ਪੂਰਾ ਹੋਣ ਉਪਰੰਤ ਜੁਆਇਨਿੰਗ ਸਮੇ ਵਿਚ ਕਿਸੇ ਵੀ ਤਰ੍ਹਾਂ ਦੇ ਵਾਧੇ ਦੀ ਮੰਗ ਨਹੀਂ ਕਰਨਗੇ।

(2) ਚੁਣੇ ਗਏ ਉਮੀਦਵਾਰਾਂ ਤੇ ਸਰਕਾਰ ਦੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਅਤੇ ਨੋਟੀਫਿਕੇਸ਼ਨ ਮੀਮੋ ਨੰ: ਐਮ.ਈ.ਆਰ-ਐਚ.ਟੀ.ਐਚ 307ਈ/125/2021-6 ਐਚ.ਬੀ3/2327-32 ਮਿਤੀ 26.08.2022 ਵਿਚ ਦਰਸਾਈਆਂ ਸ਼ਰਤਾਂ/ਨਿਯਮ ਲਾਗੂ ਹੋਣਗੇ।

(3) ਉਮੀਦਵਾਰਾਂ ਨੂੰ ਡਾਕੂਮੈਂਟਸ ਵੈਰੀਫਿਕੇਸ਼ਨ/ਯੋਗਤਾ ਚੈਕ ਕਰਨ ਉਪਰੰਤ ਹੀ ਜੁਆਇੰਨ ਕਰਵਾਇਆ ਜਾਵੇਗਾ ਜੇਕਰ ਕਿਸੇ ਉਮੀਦਵਾਰ ਦੇ ਦਸਤਾਵੇਜ਼ ਗਲਤ ਪਾਏ ਜਾਂਦੇ ਹਨ ਜਾਂ ਸੀਨੀਅਰ ਰੈਜੀਡੈਂਸੀ ਦੀ ਯੋਗਤਾ ਪੂਰੀ ਨਹੀਂ ਹੁੰਦੀ ਤਾਂ ਉਸ ਉਮੀਦਵਾਰ ਦੀ ਚੋਣ ਰੱਦ ਸਮਝੀ ਜਾਵੇਗੀ।

(4) ਉਮੀਦਵਾਰ ਜਿਹਨਾਂ ਵੱਲੋਂ ਆਪਣੇ ਪੀ.ਜੀ ਦਾਖਲੇ ਸਮੇ ਪੀ.ਜੀ ਕੋਰਸ ਉਪਰੰਤ ਸਰਕਾਰ ਦੀ 1/2 ਸਾਲ ਦੀ ਸੇਵਾ ਕਰਨ ਹਿੱਤ ਸ਼ਿਓਰਟੀ ਬਾਂਡ ਭਰਿਆ ਗਿਆ ਸੀ। ਇਹਨਾਂ ਉਮੀਦਵਾਰਾਂ ਤੇ ਭਰੇ ਗਏ ਸ਼ਿਓਰਟੀ ਬਾਂਡ ਦੀਆਂ ਸ਼ਰਤਾ ਲਾਗੂ ਹੋਣਗੀਆਂ। ਇਸ ਲਈ ਜੇਕਰ ਸ਼ਿਓਰਟੀ ਬਾਂਡ ਦੀਆਂ ਸ਼ਰਤਾਂ ਅਨੁਸਾਰ ਕਿਸੇ ਵੀ ਉਮੀਦਵਾਰ ਵੱਲੋਂ ਆਪਣੀ ਹਾਜਰੀ ਰਿਪੋਰਟ ਇਸ ਸੰਸਥਾ ਵਿਖੇ ਪੇਸ਼ ਨਹੀਂ ਕੀਤੀ ਜਾਂਦੀ ਹੈ ਜਾਂ ਹਾਜਰ ਹੋਣ ਉਪਰੰਤ ਆਪਣੇ ਟੇਨਿਓਰ (01 ਜਾਂ 02 ਸਾਲ) ਤੋਂ ਪਹਿਲਾਂ ਸੀਨੀਅਰ ਰੈਜੀਡੈਂਸੀ ਛੱਡੀ ਜਾਂਦੀ ਹੈ ਤਾਂ ਸ਼ਿਓਰਟੀ ਬਾਂਡ ਦੀਆਂ ਸ਼ਰਤਾਂ ਅਤੇ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 23.08.2022 ਅਨੁਸਾਰ ਬਾਂਡ ਮਨੀ ਭਰਨ ਦੇ ਪਾਬੰਦ ਹੋਣਗੇ।

| SR.No. | Name of Doctor | Father Name | Speciality | Tenure |
|---|---|---|---|---|
| 1 | Dr. Snigdha Anand | Sh. Mitihlesh Kumar Tiwary | Physiology | 1 Yr |
| 2 | Dr. Jasmeen | Sh. Simrat Kaur | Pharmacology | 2 Yr |

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਪਿੱ:ਅੰ:ਨੰ:1(4022)ਈ1/2025/ 20618-20630 ਮਿਤੀ- 29/5/25

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ।
2. ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਐਸ.ਏ.ਐਸ.ਨਗਰ (ਮੋਹਾਲੀ)।
4. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
5. ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ, ਚੰਡੀਗੜ੍ਹ।
6. ਡਾਇਰੈਕਟਰ, ਰੂਰਲ ਡਿਵੈਲਪਮੈਂਟ ਅਤੇ ਪੰਚਾਇਤ, ਮੋਹਾਲੀ।
7. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
8. ਰਜਿਸਟਰਾਰ, ਬਾਬਾ ਫਰੀਦ ਯੂਨਿਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ।
9. ਡਾਇਰੈਕਟਰ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ।
10. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਸਰਕਾਰੀ ਮੈਡੀਕਲ ਕਾਲਜ, ਪਟਿਆਲਾ।
11. ਇਸ ਸੰਸਥਾ ਦੇ ਵੱਖ ਵੱਖ ਵਿਭਾਗਾਂ ਦੇ ਪ੍ਰੋਫੈਸਰ ਤੇ ਮੁੱਖੀਆਂ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਉਪਰੋਕਤ ਚੁਣੇ ਗਏ ਉਮੀਦਵਾਰ ਨੂੰ ਸਿੱਧੇ ਤੌਰ ਤੇ ਬਤੌਰ ਸੀਨੀਅਰ ਰੈਜੀਡੈਂਟ ਹਾਜਰ ਨਾ ਕਰਵਾਇਆ ਜਾਵੇ।
12. ਪ੍ਰੋਫੈਸਰ ਤੇ ਮੁੱਖੀ ਕਮ ਚੇਅਰਮੈਨ ਮੈਡੀਕਲ ਬੋਰਡ, ਅਨਾਟਮੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
13. ਇਸ ਸੰਸਥਾ ਦੇ ਵੱਖ ਵੱਖ ਵਿਭਾਗਾਂ ਵਿਚ ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਉਪਰੋਕਤ ਡਾਕਟਰਾਂ ਨੂੰ ਇਹ ਹੁਕਮ ਉਹਨਾਂ ਦੀ ਈ.ਮੇਲ ਪਤੇ ਤੇ ਭੇਜੇ ਜਾਂਦੇ ਹਨ।

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ